


ਸੰਵਾਦ-18 (ਜੁਲਾਈ-ਦਸੰਬਰ 2023) ISSN : 2395-1273 **www.sanvad.org**

# ਅਜੀਤ ਕੌਰ ਦੀਆਂ ਕਹਾਣੀਆਂ ਵਿਚਲੀ ਸ਼ਹਿਰੀ ਔਰਤ

ਅਜੀਤ ਕੌਰ ਪੰਜਾਬੀ ਗਲਪ ਸਾਹਿਤ ਦੀ ਸਿਰਜਣਾ ਦੇ ਖੇਤਰ ਵਿਚ ਅਹਿਮ ਸਥਾਨ ਰੱਖਦੀ ਹੈ। ਨਾਵਲ ਦੀ ਸਿਰਜਣਾ ਤੋਂ ਇਲਾਵਾ ਉਸ ਨੇ ਬਤੌਰ ਇਕ ਕਹਾਣੀਕਾਰ ਦੇ ਤੌਰ 'ਤੇ ਆਪਣੀ ਇਕ ਵਿਸ਼ੇਸ਼ ਪਛਾਣ ਬਣਾਈ ਹੈ। ਜ਼ਿੰਦਗੀ ਦੀਆਂ ਅਹਿਮ ਸਮੱਸਿਆਵਾਂ ਦੇ ਅੰਤਰਗਤ ਸ਼ਹਿਰੀ ਪੜ੍ਹੀ-ਲਿਖੀ ਤੇ ਨੌਕਰੀ ਪੇਸ਼ਾ ਔਰਤ ਦੀਆਂ ਸਮੱਸਿਆਵਾਂ ਤੇ ਬਲ ਦੇਣ ਦੇ ਨਾਲ-ਨਾਲ ਅਜੀਤ ਕੌਰ ਨੇ ਸ਼ਹਿਰਾਂ ਵਿਚ ਵੱਸਦੇ ਔਰਤ-ਮਰਦ ਦੇ ਸਬੰਧਾਂ ਨੂੰ ਬੜੀ ਬੇਬਾਕੀ ਨਾਲ ਪੇਸ਼ ਕਰਦਿਆਂ ਹੋਇਆਂ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ।

ਅਜੀਤ ਕੌਰ ਦੀਆਂ ਕਹਾਣੀਆਂ ਵਿਚਲੀਆਂ ਸ਼ਹਿਰੀ ਇਸਤਰੀ ਪਾਤਰਾਂ ਸ਼ਹਿਰਾਂ ਵਿਚ ਪੈਦਾ ਹੋ ਰਹੇ ਖਪਤੀ ਕਲਚਰ ਅਧੀਨ "ਮਾਨਸਿਕ ਤੇ ਆਤਮਿਕ ਰਿਸ਼ਤਿਆਂ ਨਾਲੋਂ ਸਰੀਰਕ ਸਬੰਧਾਂ ਨੂੰ ਵਧੇਰੇ ਤਰਜ਼ੀਹ ਦੇਂਦੀਆਂ ਹਨ"।[1] ਉਸਨੇ ਸ਼ਹਿਰੀ ਔਰਤ ਦੀਆਂ ਸਮੱਸਿਆਵਾਂ ਨੂੰ ਸਮਝਿਆ ਅਤੇ ਉਨ੍ਹਾਂ ਸਮੱਸਿਆਵਾਂ ਨੂੰ ਆਪਣੀਆਂ ਕਹਾਣੀਆਂ ਦਾ ਵਿਸ਼ਾ ਬਣਾਇਆ ਹੈ। ਅਜੀਤ ਕੌਰ ਦੀਆਂ ਕਹਾਣੀਆਂ ਜ਼ਿਆਦਾਤਰ ਸ਼ਹਿਰਾਂ ਵਿਚ ਵਿਚਰਦੇ ਪਰਿਵਾਰਾਂ ਦਾ ਚਿਤਰਣ ਕਰਦੀਆਂ ਹਨ। ਉਸ ਦੀਆਂ ਸ਼ਹਿਰੀ ਪਰਿਵਾਰਕ ਕਹਾਣੀਆਂ ਦੇ ਪਾਤਰ ਸ਼ਹਿਰੀ ਅਮੀਰ ਘਰਾਣੇ ਦੇ ਪੜ੍ਹੇ-ਲਿਖਿਆਂ 'ਤੇ ਆਧਾਰਿਤ ਜਾਂ ਕੇਂਦਰਿਤ ਹੁੰਦੀਆਂ ਹਨ। ਅਜੀਤ ਕੌਰ ਦੀਆਂ ਸ਼ਹਿਰੀ ਪੂੰਜੀਵਾਦੀ ਸਮਾਜ ਵਿਚਲੇ ਪਰਿਵਾਰਾਂ ਦੀ ਨਾਰੀ ਦੀ ਸਥਿਤੀ ਨੂੰ ਪੇਸ਼ ਕਰਦੀਆਂ ਕਈ ਕਹਾਣੀਆਂ ਦ੍ਰਿਸ਼ਟੀਗੋਚਰ ਹੁੰਦੀਆਂ ਹਨ।

ਅਜੀਤ ਕੌਰ ਦੇ ਕਹਾਣੀ-ਸੰਗ੍ਰਹਿ 'ਆਪਣੇ-ਆਪਣੇ ਜੰਗਲਾਂ' ਵਿਚਲੀ ਕਹਾਣੀ 'ਕੰਨੂੰ' ਸ਼ਹਿਰੀ ਪੂੰਜੀਵਾਦੀ ਸਮਾਜ ਵਿਚਲੇ ਪਰਿਵਾਰ ਦੀ ਔਰਤ ਦੀ ਸਥਿਤੀ ਨੂੰ ਪੇਸ਼ ਕਰਦੀ ਹੋਈ ਕਹਾਣੀ ਹੈ। ਜਿਸ ਵਿਚ ਉਸਨੇ ਅਮੀਰ ਪਰਿਵਾਰ ਦੀ ਔਰਤ ਦੀ ਸਥਿਤੀ ਨੂੰ ਪ੍ਰਸਤੁਤ ਕੀਤਾ ਹੈ। "ਅਜੀਤ ਕੌਰ ਦੀ ਕਹਾਣੀ 'ਕੰਨੂੰ' ਇਕ ਅਜਿਹੀ ਨੌਜਵਾਨ ਲੜਕੀ ਦਾ ਦੁਖਾਂਤ ਚਿਤਰਦੀ ਹੈ ਜਿਸਨੂੰ ਆਪਣੇ ਮਾਂ-ਬਾਪ ਦਾ ਪਿਆਰ ਪ੍ਰਾਪਤ ਨਹੀਂ ਹੁੰਦਾ। ਅਸਲ ਵਿਚ ਇਹ ਇਕ ਨਹੀਂ ਕਈ ਅਜਿਹੇ ਮੱਧ ਸ਼੍ਰੇਣੀ ਜਾਂ ਉੱਚ ਸ਼੍ਰੇਣੀ ਦੇ ਮਾਂ-ਬਾਪ ਦੇ ਬੱਚਿਆਂ ਦਾ ਦੁਖਾਂਤ ਹੈ; ਜਿਨ੍ਹਾਂ ਦੇ ਮਾਂ-ਬਾਪ ਪੈਸੇ ਦੀ ਸ਼ਾਨੋ-ਸ਼ੌਕਤ ਦੀ ਦੌੜ ਪਿੱਛੇ ਆਪਣੀ ਔਲਾਦ ਪ੍ਰਤੀ ਫਰਜ਼ਾਂ ਨੂੰ ਪੂਰਿਆ ਨਹੀਂ ਕਰਦੇ।"[2] ਕਹਾਣੀ ਵਿਚਲੀ ਨਾਇਕਾ 'ਕੰਨੂੰ' ਦਾ ਅਸਲੀ ਨਾਂ ਮਾਲਵਿਕਾ ਹੈ। ਜੋ ਇਕ ਅਮੀਰ ਘਰ ਵਿਚ ਪੈਦਾ ਹੋਣ ਕਾਰਨ ਗਵਰਨੈੱਸ (ਨੌਕਰਾਣੀ) ਦੀ ਦੇਖ-ਰੇਖ ਵਿਚ ਪਲ ਕੇ ਵੱਡੀ ਹੋਈ ਹੈ। ਮਾਂ-ਬਾਪ ਵੱਡੇ ਅਮੀਰ ਬਿਜਨੈੱਸ ਵਿਚ ਵਿਅਸਤ ਰਹਿਣ ਕਾਰਨ ਮਾਲਵਿਕਾ ਵੱਲ ਨਾ ਤਾਂ ਬਹੁਤਾ ਧਿਆਨ ਦੇ ਸਕੇ ਅਤੇ ਨਾ ਹੀ ਸਮਾਂ। ਉਸਨੂੰ ਦੇਖ-ਰੇਖ ਕਰਨ ਵਾਲੀ ਨੌਕਰਾਣੀ ਚਮੇਲੀ ਕੋਲੋਂ ਮਾਂ ਵਾਲਾ ਪਿਆਰ ਤੇ ਸੁੱਖ-ਸਹੂਲਤਾਂ ਮਿਲਦੀਆਂ ਹਨ। ਬਹੁਤ ਸਮਾਂ ਚਮੇਲੀ ਨਾਲ ਬਤੀਤ ਕਰਨ ਕਾਰਨ ਉਹ ਚਮੇਲੀ ਨੂੰ ਹੀ ਆਪਣੀ ਮਾਂ ਸਮਝਣ ਲੱਗ ਪੈਂਦੀ ਹੈ। ਦੂਜੇ ਪਾਸੇ ਚਮੇਲੀ ਬੇ-ਔਲਾਦ ਹੋਣ ਕਾਰਨ ਹਮੇਸ਼ਾ ਲਈ ਆਪਣਾ



**ਮਨਿੰਦਰ ਕੌਰ**
ਖੋਜ ਵਿਦਿਆਰਥਣ
ਗੁਰੂ ਨਾਨਕ ਦੇਵ
ਯੂਨੀਵਰਸਿਟੀ
ਅੰਮ੍ਰਿਤਸਰ
98148-98600
jsjassiinfo@gmail.com

ਸਹੁਰਾ ਘਰ ਤਿਆਗ ਕੇ ਗਵਰਨੈੱਸ ਦੀ ਨੌਕਰੀ ਕਰਦੀ ਹੈ। ਉਹ ਮਾਲਵਿਕਾ ਦਾ ਨਾਂ ਆਪਣੀ ਸਹੂਲਤ ਅਨੁਸਾਰ ਕੰਨੂੰ ਰੱਖ ਲੈਂਦੀ ਹੈ। ਕੰਨੂੰ ਮਨ ਹੀ ਮਨ ਵਿਚ ਆਪਣੇ ਅਤੇ ਚਮੇਲੀ ਦੇ ਰਿਸ਼ਤੇ ਬਾਰੇ ਮਨਘੜਤ ਗੱਲਾਂ ਸੋਚਦੀ ਰਹਿੰਦੀ ਹੈ।

ਕਹਾਣੀ ਵਿਚੋਂ ਸ਼ਹਿਰੀ ਵਾਤਾਵਰਨ ਵਿਚ ਜੰਮੀ-ਪਲੀ ਬੱਚੀ ਦੇ ਵਿਵਹਾਰ ਵਿਚੋਂ ਸ਼ਹਿਰੀ ਅਲਾਮਤਾਂ ਆਸਾਨੀ ਨਾਲ ਉਜਾਗਰ ਹੋਈਆਂ ਹਨ। ਕੰਨੂੰ ਦੇ ਮਾਂ-ਬਾਪ ਕੋਲ ਬਿਜ਼ਨੈੱਸ ਦੇ ਰੁਝੇਵਿਆਂ ਕਾਰਨ ਉਸ ਲਈ ਸਮਾਂ ਨਾ ਹੋਣ ਕਾਰਨ ਉਹ ਆਪਣੇ ਮਾਂ-ਬਾਪ ਤੋਂ ਮਾਨਸਿਕ ਤੇ ਸਰੀਰਕ ਤੌਰ 'ਤੇ ਦੂਰ ਹੋ ਜਾਂਦੀ ਹੈ। ਉਹ ਆਪਣੇ ਬਾਪ ਦੇ ਬਿਜ਼ਨੈੱਸ ਨੂੰ ਨਹੀਂ ਸੰਭਾਲਦੀ ਅਤੇ ਹਰ ਤਰ੍ਹਾਂ ਦਾ ਅਮੀਰ ਐਸ਼ੋ-ਆਰਾਮ ਛੱਡ ਕੇ ਚਮੇਲੀ ਨਾਲ ਰਹਿਣ ਲਈ ਵਰਕਿੰਗ ਗਰਲਜ਼ ਹੋਸਟਲ ਵਿਚ ਚਲੀ ਜਾਂਦੀ ਹੈ ਅਤੇ ਮਾਂ-ਬਾਪ ਨਾਲ ਕੋਈ ਰਿਸ਼ਤਾ ਨਹੀਂ ਰੱਖਦੀ। ਪੜ੍ਹੀ-ਲਿਖੀ ਹੋਣ ਕਾਰਨ ਆਪਣੀ ਰੋਜ਼ੀ-ਰੋਟੀ ਦੀ ਲੋੜ ਨੂੰ ਪੂਰਿਆਂ ਕਰਨ ਲਈ ਇਕ ਛੋਟੇ ਜਿਹੇ ਸਕੂਲ ਵਿਚ ਨੌਕਰੀ ਕਰਨ ਲੱਗ ਜਾਂਦੀ ਹੈ।

ਕਹਾਣੀ ਵਿਚੋਂ ਉੱਭਰ ਕੇ ਸਾਹਮਣੇ ਆਉਂਦਾ ਹੈ ਕਿ ਸ਼ਹਿਰੀ ਸਭਿਆਚਾਰ ਦਾ ਪ੍ਰਭਾਵ ਕੁਝ ਹੱਦ ਤੱਕ ਬੱਚਿਆਂ ਉੱਪਰ ਬੁਰਾ ਪੈ ਰਿਹਾ ਹੈ। ਜਿਸ ਕਾਰਨ ਸ਼ਹਿਰਾਂ ਵਿਚ ਪਲਦੇ ਬਹੁਤ ਸਾਰੇ ਬੱਚਿਆਂ ਦੀ ਮਾਨਸਿਕਤਾ ਪ੍ਰਭਾਵਿਤ ਹੁੰਦੀ ਹੈ। ਬਹੁਤ ਸਾਰੇ ਬੱਚੇ ਅਜਿਹੇ ਵੀ ਹਨ ਜੋ ਆਪਣੇ ਮਾਤਾ-ਪਿਤਾ ਦੇ ਅਣਸੁਖਾਵੇਂ ਸਬੰਧਾਂ ਕਾਰਨ ਖਲਾਅ ਵਿਚ ਭਟਕਦੇ ਹਨ। ਇਸ ਕਹਾਣੀ ਦੀ ਮੁੱਖ ਪਾਤਰ ਕੰਨੂੰ ਉੱਤੇ ਵੀ ਕੁਝ ਅਜਿਹਾ ਹੀ ਪ੍ਰਭਾਵ ਪੈਂਦਾ ਹੈ। ਪੈਸੇ ਦੇ ਪਿੱਛੇ ਭੱਜਦੇ ਉਸ ਦੇ ਮਾਂ-ਬਾਪ ਔਲਾਦ ਪ੍ਰਤੀ ਆਪਣੇ ਫਰਜ਼ਾਂ ਨੂੰ ਪੂਰਿਆਂ ਨਹੀਂ ਕਰਦੇ ਹਨ। ਬਾਪ ਕੋਲ ਆਪਣੀ ਪਤਨੀ ਅਤੇ ਬੱਚਿਆਂ ਲਈ ਸਮਾਂ ਨਹੀਂ। ਮਾਂ ਪਾਰਟੀਆਂ ਤੇ ਵਿਦੇਸ਼ੀ ਦੌਰਿਆਂ ਵਿਚ ਵਿਅਸਤ ਰਹਿਣ ਕਾਰਨ ਬੱਚਿਆਂ ਦੀ ਦੇਖ-ਭਾਲ ਨਹੀਂ ਕਰਦੀ। ਬੱਚਿਆਂ ਲਈ ਘਰ ਵਿਚ ਵੱਖੋ-ਵੱਖਰੇ ਨੌਕਰ ਹਨ। ਮਾਂ-ਬਾਪ ਸਿਰਫ਼ ਪੈਸੇ ਨਾਲ ਹੀ ਦੇਖ-ਭਾਲ ਕਰਦੇ ਹਨ। ਸ਼ਹਿਰ ਦੀਆਂ ਇਹ ਪੈਸਾ ਕੀਮਤਾਂ ਤੇ ਕਲੱਬ ਕਲਚਰ ਮਨੁੱਖ ਦੇ ਨਿਘਾਰ ਦਾ ਕਾਰਨ ਬਣਦੀਆਂ ਹਨ। ਕੰਨੂੰ ਦਾ ਬਾਪ ਪੈਸੇ ਦੀ ਦੌੜ ਵਿਚ ਲੱਗਾ ਹੋਣ ਕਾਰਨ ਪਤਨੀ ਅਤੇ ਬੱਚਿਆਂ ਨਾਲ ਮਿਲ-ਬਹਿਣ ਦੀ ਖੁਸ਼ੀ ਤੋਂ ਵਿਰਵਾ ਹੁੰਦਾ ਹੋਇਆ ਆਪਣੀ ਪਤਨੀ ਤੋਂ ਵੀ ਸਰੀਰਕ ਤੇ ਮਾਨਸਿਕ ਤੌਰ 'ਤੇ ਦੂਰ ਹੋ ਜਾਂਦਾ ਹੈ। ਜਿਸ ਕਾਰਨ ਕੰਨੂੰ ਦੀ ਮਾਂ ਲਈ ਆਪਣਾ ਸਮਾਂ ਬਤੀਤ ਕਰਨਾ ਔਖਾ ਹੋ ਜਾਂਦਾ ਹੈ ਤਾਂ ਉਹ ਆਪਣੇ ਮਰਦ ਦੇ ਵਿਰੋਧ ਵਿਚ ਹੋਰ ਮਰਦਾਂ ਨਾਲ ਗ਼ੈਰ-ਸਮਾਜਕ ਜਿਨਸੀ ਸਬੰਧ ਸਥਾਪਿਤ ਕਰਦੀ ਹੈ। ਸ਼ਹਿਰੀ ਕਦਰਾਂ-ਕੀਮਤਾਂ ਵਿਚ ਵਿਚਰਦਾ ਮਨੁੱਖ ਆਪਣੇ ਪਰਿਵਾਰ ਤੇ ਆਪਣੇ ਆਪ ਤੋਂ ਵੀ ਦੂਰ ਹੁੰਦਾ ਹੋਇਆ, ਇਕਲਾਪੇ ਤੇ ਅਜਨਬੀ ਹੋਣ ਦੀਆਂ ਕਦਰਾਂ ਦਾ ਲਖਾਇਕ ਹੋ ਨਿਬੜਦਾ ਹੈ। ਜਿਵੇਂ ਕਿ ਕਹਾਣੀ ਵਿਚ ਕੰਨੂੰ ਪਾਤਰ ਅਤੇ ਉਸਦੀ ਮਾਂ (ਵਿਦਿਆ ਲਖਕੱਤਾ) ਨਾਲ ਅਜਿਹਾ ਹੀ ਵਾਪਰਦਾ ਹੈ। ਕਹਾਣੀ ਵਿਚੋਂ ਸ਼ਹਿਰੀ ਅਮੀਰ ਮਾਂ-ਬਾਪ ਦੇ ਪੜ੍ਹੇ-ਲਿਖੇ, ਖੁੱਲ੍ਹ ਤੇ ਆਜ਼ਾਦੀ ਮਾਨਣ ਵਾਲੇ ਬੱਚਿਆਂ ਦਾ ਦੁਖਾਂਤ ਪੇਸ਼ ਕੀਤਾ ਗਿਆ ਹੈ, ਜਿਨ੍ਹਾਂ ਦੇ ਮਾਂ-ਬਾਪ ਪੈਸੇ ਦੀ ਅੰਨੀ ਦੌੜ ਵਿਚ ਆਪਣੇ ਬੱਚਿਆਂ ਪ੍ਰਤੀ ਆਪਣੇ ਫਰਜ਼ਾਂ ਨੂੰ ਭੁੱਲ ਜਾਂਦੇ ਹਨ।

ਅਜੀਤ ਕੌਰ ਅਜੋਕੇ ਦੌਰ ਦੀ ਸ਼ਹਿਰੀ ਨਾਰੀ ਦੀ ਪ੍ਰਤੀਬੱਧਤਾ ਕਰਦੀ ਹੈ ਅਤੇ ਆਪਣੀਆਂ ਕਹਾਣੀਆਂ ਰਾਹੀਂ ਸ਼ਹਿਰੀ ਨਾਰੀ ਦਾ ਮਨੋ-ਯਥਾਰਥ ਪ੍ਰਸਤੁਤ ਕਰਦੀ ਹੈ। ਉਸਦੀਆਂ ਇੱਛਾਵਾਂ ਨੂੰ ਵਿਭਿੰਨ ਪਰਤਾਂ ਰਾਹੀਂ ਚਿਤਰਦੀ ਹੈ। ਕਹਾਣੀ ਵਿਚਲੀ ਨਾਇਕਾ ਕੰਨੂੰ ਜੋ ਕਿ ਸ਼ਹਿਰੀ ਔਰਤ ਦੀ ਪ੍ਰਤੀਨਿਧਤਾ ਕਰਦੀ ਹੋਈ ਆਪਣੀ ਮਨਮਰਜ਼ੀ ਦਾ ਹਰ ਕਦਮ ਚੁੱਕਣ ਲਈ ਸਾਹਸੀ ਦਿਖਾਈ ਦਿੰਦੀ ਹੈ। ਉਸਦੀ ਸ਼ਹਿਰੀ ਨਾਰੀ ਆਪਣੀ ਸੀਮਾਮੂਲਕ ਸਥਿਤੀ ਜਾਗਰੂਕਤਾ ਦੇ ਅੰਤਰਗਤ ਪ੍ਰਤਿਮਾਨਾਂ ਨੂੰ ਤੋੜਦੀ ਹੋਈ ਅਗਾਂਹ ਵੱਧਦੀ ਜਾਂਦੀ ਹੈ।

ਸ਼ਹਿਰੀ ਸਭਿਆਚਾਰ ਦੀਆਂ ਵੱਖ-ਵੱਖ ਭ੍ਰਾਂਤੀਆਂ ਨੂੰ ਪੇਸ਼ ਕਰਦੀ ਅਜੀਤ ਕੌਰ ਦੀ ਕਹਾਣੀ 'ਅੱਕ ਦੇ ਫੁੱਲ' (ਆਪਣੇ-ਆਪਣੇ ਜੰਗਲ) ਆਧੁਨਿਕ ਸ਼ਹਿਰੀ ਸਮਾਜ ਵਿਚ ਫੈਲੇ ਸਮਲਿੰਗੀ ਰਿਸ਼ਤਿਆਂ ਦੀ ਦਾਸਤਾਨ ਨੂੰ ਪੇਸ਼ ਕਰਦੀ ਹੋਈ ਇਹ ਕਹਾਣੀ ਔਰਤ ਨੂੰ ਮਜ਼ਾਕ ਦਾ ਪਾਤਰ ਬਣਾ ਦਿੰਦੀ ਹੈ। ਸ਼ਹਿਰਾਂ ਵਿਚ ਔਰਤ ਦੇ ਨੌਕਰੀ-ਪੇਸ਼ਾ ਹੋਣ ਨਾਲ ਅਤੇ ਆਪਣੇ ਘਰ ਪਰਿਵਾਰ ਤੋਂ ਦੂਰ ਰਹਿਣ ਕਾਰਨ ਸਮਾਜਕ ਢਾਂਚੇ ਵਿਚ ਤਬਦੀਲੀ ਵਾਪਰਨੀ ਸੰਭਵ ਸੀ। ਵਿਗਿਆਨ ਉੱਨਤੀ ਅਤੇ ਤਰੱਕੀ ਕਾਰਨ ਲੋਕ ਮਨਾਂ ਵਿਚੋਂ ਪੁਰਾਤਨ ਅੰਧ-ਵਿਸ਼ਵਾਸਾਂ ਤੇ ਸੰਸਕਾਰਾਂ ਦੀ ਮਾਨਤਾ ਘੱਟਣ ਲੱਗੀ। ਪੱਛਮੀ ਪ੍ਰਭਾਵਾਂ ਸਦਕਾ ਪੈਦਾ ਹੋਏ ਨਵੇਂ ਰਿਸ਼ਤੇ ਸਾਹਮਣੇ ਆਉਣ ਲੱਗੇ ਹਨ। ਵਿਆਹ ਸੰਸਥਾ ਨੂੰ ਨਕਾਰ ਕੇ ਸੁਤੰਤਰਤਾ ਖੁੱਲ੍ਹੇਪਣ ਵਿਚ ਸਰੀਰਕ ਸਬੰਧ ਬਣਾਈ ਰੱਖਣ ਵਿਚ ਜਾਂ ਸਮਲਿੰਗੀ ਸਬੰਧ ਬਣਾਉਣ ਵਿਚ ਨੌਜਵਾਨ ਪੀੜ੍ਹੀ ਨੂੰ ਕੋਈ ਇਤਰਾਜ਼ ਨਹੀਂ ਰਿਹਾ। ਕਹਾਣੀ ਦੀ ਮੁੱਖ ਪਾਤਰ

ਮਨਸੁਖਾਨੀ ਬਚਪਨ ਵਿਚ ਆਪਣੇ ਹੀ ਚਾਚੇ ਦੇ ਹੱਥੋਂ ਜ਼ੋਰ-ਜਬਰਦਸਤੀ ਦੀ ਸ਼ਿਕਾਰ ਹੁੰਦੀ ਹੈ। ਉਸ ਦਾ ਮਾਨਸਿਕ ਵਿਕਾਸ ਰੁਕ ਜਾਂਦਾ ਹੈ, ਜਿਸ ਕਾਰਨ ਉਹ ਆਤਮਿਕ ਤੌਰ 'ਤੇ ਟੁੱਟਦੀ ਹੀ ਚਲੀ ਜਾਂਦੀ ਹੈ। ਇਕ ਕਲਾਸ ਵਿਚੋਂ ਬਾਰ-ਬਾਰ ਫੇਲ੍ਹ ਹੋਣ ਤੇ ਫਿਰ ਹੋਸਟਲ ਵਿਚ ਰਹਿ ਕੇ ਫਸਟ ਆਉਣ ਅਤੇ ਸਾਰੀ ਉਮਰ ਘਰ ਵਾਪਸ ਨਾ ਜਾਣ ਦਾ ਫ਼ੈਸਲਾ ਕਰ ਪੜ੍ਹਾਈ ਪੂਰੀ ਕਰਨ ਤੋਂ ਮਗਰੋਂ ਨੌਕਰੀ ਕਰਦੀ 'ਵਰਕਿੰਗ ਗਰਲਜ਼ ਹੋਸਟਲ' ਵਿਚ ਚਲੀ ਜਾਂਦੀ ਹੈ। ਬਚਪਨ ਤੋਂ ਹੀ ਪਿਆਰ ਦੀ ਤਲਾਸ਼ ਵਿਚ ਭਟਕਦੀ ਮਰਦ ਜਾਤ ਨਾਲ ਨਫ਼ਰਤ ਕਰਨ ਲੱਗਦੀ ਹੈ ਅਤੇ ਇਸੇ ਦੇ ਵਿਰੋਧ 'ਚ ਵੱਖ-ਵੱਖ ਔਰਤਾਂ ਨਾਲ ਹੀ ਜਿਸਮਾਨੀ (ਸਮਲਿੰਗੀ) ਸਬੰਧ ਬਣਾਉਣਾ ਲੋਚਦੀ ਹੈ। "ਮਨਸੁਖਾਨੀ ਨੂੰ ਹਰ ਮੁੰਡੇ ਦੀ ਸ਼ਕਲ ਵਿਚੋਂ ਚਾਚੇ ਦੀਆਂ ਖੂੰਖਾਰ ਨਜ਼ਰਾਂ ਝਾਕਦੀਆਂ ਵਿਖਾਈ ਦੇਂਦੀਆਂ ਤੇ ਉਹਨੂੰ ਲੱਗਦਾ, ਸਾਰੇ ਈ ਮਰਦ ਸੂਰ ਨੇ। ਤਿੱਖੇ ਤੇ ਵੱਡੇ ਸਿੰਗਾਂ ਵਾਲੇ ਬੋਲ। ਉਹਦਾ ਢਿੱਡ ਪਾੜਨ ਲਈ ਤਿਆਰ। ਇਨ੍ਹਾਂ ਸ਼ਰੀਫ਼ ਕੱਪੜਿਆਂ ਦੇ ਹੇਠਾਂ ਉਹ ਵੀ ਉਨੇ ਹੀ ਭਿਆਨਕ ਤੇ ਗਲੀਜ਼ ਨੇ ਜਿਨਾਂ ਉਹਦਾ ਚਾਚਾ।"[3]

ਲੇਖਿਕਾ ਨੇ ਇਸ ਕਹਾਣੀ ਰਾਹੀਂ ਸ਼ਹਿਰੀ ਔਰਤ ਦੀ ਮਾਨਸਿਕ ਇਕੱਲਤਾ, ਸਵੈ-ਪ੍ਰਤੀ ਬੇਗਾਨਗੀ ਅਤੇ ਬੌਖਲਾਹਟ ਭਰੀ ਜ਼ਿੰਦਗੀ ਨੂੰ ਚਿਤਰਿਆ ਹੈ। "ਮਹਾਂਨਗਰੀ ਜੀਵਨ ਬਤੀਤ ਕਰ ਰਹੀਆਂ ਔਰਤਾਂ ਦੀ ਭਟਕਣਾ ਅਤੇ ਮਾਨਸਿਕ ਤ੍ਰਾਸਦੀ ਇਸ ਕਹਾਣੀ ਵਿਚ ਬੜੀ ਉਭਰਵੀਂ ਸੁਰ ਵਿਚ ਪੇਸ਼ ਕੀਤੀ ਗਈ ਹੈ।"[4] ਸ਼ਹਿਰੀ ਔਰਤ ਮਾਨਸਿਕ ਭਟਕਣਾ ਅਧੀਨ ਵਿਚਰਦੀ ਹੋਈ ਸਮਲਿੰਗੀ ਜਿਨਸੀ ਸਬੰਧ ਕਾਇਮ ਕਰਨੇ ਚਾਹੁੰਦੀ ਹੈ। ਸਮਲਿੰਗੀ ਜਿਨਸੀ ਸਬੰਧ ਅੱਜ ਦੇ ਪੂੰਜੀਵਾਦੀ ਸ਼ਹਿਰੀ ਸਮਾਜ ਵਿਚ ਉੱਚ-ਸ਼੍ਰੇਣੀ ਦੇ ਲੋਕਾਂ ਵਿਚ ਮੁੱਖ ਸਮੱਸਿਆ ਵਜੋਂ ਵੀ ਉੱਭਰ ਕੇ ਸਾਹਮਣੇ ਆ ਰਹੇ ਹਨ। ਮਨਸੁਖਾਨੀ ਇਕ ਸਕੂਲ ਦੀ ਪ੍ਰਿੰਸੀਪਲ ਹੈ ਅਤੇ ਵਿਅਕਤੀਗਤ ਤੌਰ 'ਤੇ ਆਜ਼ਾਦ ਰਹਿਣ ਦੀ ਇੱਛਾ ਅਧੀਨ ਉਹ ਨਾ ਤਾਂ ਵਿਆਹ ਕਰਾਉਂਦੀ ਹੈ ਅਤੇ ਨਾ ਹੀ ਆਪਣੇ ਮਾਂ-ਪਿਉ ਜਾਂ ਭਰਾ-ਭਰਜਾਈਆਂ ਨਾਲ ਰਹਿੰਦੀ ਹੈ। ਇਸੇ ਲਈ ਉਹ 'ਵਰਕਿੰਗ ਗਰਲਜ਼ ਹੋਸਟਲ' ਵਿਚ ਆਜ਼ਾਦੀ ਨਾਲ ਬਿਨਾਂ ਕਿਸੇ ਦੀ ਰੋਕ-ਟੋਕ ਤੋਂ ਆਪਣੀ ਜ਼ਿੰਦਗੀ ਆਪਣੀ ਮਰਜ਼ੀ ਨਾਲ ਜਿਉਂਦੀ ਹੈ। ਉਹ ਵਿਅਕਤੀਗਤ ਤੌਰ 'ਤੇ ਅਤੇ ਪਰਿਵਾਰਕ ਤੌਰ 'ਤੇ ਆਰਥਿਕਤਾ ਪੱਖੋਂ ਖੁਸ਼ਹਾਲ ਹੈ। ਉਸ ਦਾ ਰਿਸ਼ਤਿਆਂ ਵਿਚੋਂ ਮੋਹ ਤੇ ਵਿਸ਼ਵਾਸ ਟੁੱਟ ਚੁੱਕਾ ਹੈ। ਮਨਸੁਖਾਨੀ ਆਰਥਿਕ ਤੌਰ 'ਤੇ ਸਵੈਨਿਰਭਰ ਹੋਣ ਦੇ ਬਾਵਜੂਦ ਵੀ ਮਾਨਸਿਕ ਭਟਕਣਾ ਦੀ ਸ਼ਿਕਾਰ ਰਹਿੰਦੀ ਕਿਉਂਕਿ ਉਸਦੀ ਕਾਮ-ਭੁੱਖ ਦੀ ਤ੍ਰਿਪਤੀ ਨਹੀਂ ਹੁੰਦੀ। ਬਵੰਜਾ ਸਾਲਾਂ ਦੀ ਉਮਰ ਤੱਕ ਵੀ ਉਸ ਦੀ ਕਾਮੁਕ ਭੁੱਖ ਘੱਟਦੀ ਨਹੀਂ ਅਤੇ ਉਹ ਆਪਣੇ ਸੰਪਰਕ ਵਿਚ ਆਈ ਨੌਜਵਾਨ ਲੜਕੀ ਨੂੰ ਕਈ ਤਰ੍ਹਾਂ ਦੇ ਲਾਲਚ ਦੇ ਕੇ ਉਸ ਤੋਂ ਆਪਣੀ ਕਾਮ-ਭੁੱਖ ਨੂੰ ਪੂਰਿਆਂ ਕਰਨਾ ਚਾਹੁੰਦੀ ਹੈ। ਮਨਸੁਖਾਨੀ ਆਪਣੇ ਸੰਪਰਕ ਵਿਚ ਆਉਣ ਵਾਲੀ ਹਰ ਲੜਕੀ ਨਾਲ ਹੀ ਜਿਨਸੀ ਸਬੰਧ ਹਰ ਹੀਲੇ ਸਥਾਪਤ ਕਰਨਾ ਚਾਹੁੰਦੀ ਹੈ ਪਰ ਇਹ ਗ਼ੈਰ-ਕੁਦਰਤੀ ਜਿਨਸੀ ਸਬੰਧ ਸਥਾਈ ਨਹੀਂ ਰਹਿੰਦੇ ਜਿਸਦੇ ਕਾਰਨ ਉਸ ਨੂੰ ਮਾਨਸਿਕ ਅਸਥਿਰਤਾ ਤੇ ਬੇਚੈਨਗੀ ਭਰੀ ਆਪਣੀ ਜ਼ਿੰਦਗੀ ਨੀਰਸ ਤੇ ਬੇਮਾਇਨੇ ਪ੍ਰਤੀਤ ਹੁੰਦੀ ਹੈ।

ਲੇਖਿਕਾ ਨੇ ਇਸ ਕਹਾਣੀ ਰਾਹੀਂ ਸ਼ਹਿਰਾਂ ਵਿਚਲੇ ਵਾਤਾਵਰਣ ਵਿਚ ਵਿਚਰਦੀ ਸਵੈ-ਨਿਰਭਰ ਔਰਤ ਦਾ ਔਰਤ ਤੋਂ ਕਾਮ-ਭੁੱਖ ਨੂੰ ਪੂਰਾ ਕਰਨ ਦੀ ਇੱਛਾ ਕਰਨਾ ਤੇ ਇਸ ਵਿਚ ਨਾਕਾਮਯਾਬ ਹੋਣ ਤੇ ਉਸਦੇ ਸਿੱਟਿਆਂ ਨੂੰ ਚਿਤਰਿਆ ਹੈ।

ਸ਼ਹਿਰੀ ਜੀਵਨ ਨਾਲ ਸੰਬੰਧਿਤ ਅਜੀਤ ਕੌਰ ਦੀ ਇਕ ਹੋਰ ਕਹਾਣੀ 'ਅੱਧ ਅਸਮਾਨੀ ਚੀਲ੍ਹ ਦੀ ਚੀਖ' (ਆਪਣੇ-ਆਪਣੇ ਜੰਗਲ) ਹੈ ਜਿਸ ਰਾਹੀਂ ਅਜੀਤ ਕੌਰ ਪੇਸ਼ ਕਰਦੀ ਹੈ ਕਿ ਸ਼ਹਿਰੀ ਜੀਵਨ ਵਿਚ ਪਰਿਵਾਰ ਸ਼ਬਦ ਦੀ ਘਰ ਦੇ ਕਿਸੇ ਵੀ ਜੀਅ ਲਈ ਕੋਈ ਵੀ ਅਹਿਮੀਅਤ ਨਹੀਂ ਹੈ। ਸ਼ਹਿਰਾਂ ਵਿਚ ਨਵਾਂ ਪਰਿਵਾਰਕ ਵਾਤਾਵਰਣ ਪੈਦਾ ਹੋ ਰਿਹਾ ਹੈ ਜਿੱਥੇ ਮਰਦ ਦੀ ਪ੍ਰਭੂਤਾ ਘੱਟ ਰਹੀ ਹੈ। ਪਤੀ ਘਰ ਵਿਚ ਪਹਿਲਾਂ ਦੀ ਤਰ੍ਹਾਂ ਸਰਵ-ਉੱਚ ਸ਼ਕਤੀ ਨਹੀਂ ਰਿਹਾ। "ਨਵੀਂ ਸ਼ਹਿਰੀ ਸਥਿਤੀ ਤੇ ਪੱਛਮੀ ਪ੍ਰਭਾਵ ਕਾਰਨ ਸ਼ਹਿਰਾਂ ਵਿਚ ਮਰਦ ਦਾ ਦਰਜਾ ਪਰਿਵਾਰ ਵਰਗਾ ਨਹੀਂ ਰਿਹਾ।"[5] ਸ਼ਹਿਰਾਂ ਵਿਚ ਔਰਤਾਂ ਵਿਆਹ-ਬਾਹਰੇ ਜਿਨਸੀ ਸਬੰਧ ਬਣਾਉਣ ਤੋਂ ਸੰਕੋਚ ਨਹੀਂ ਕਰਦੀਆਂ ਜਗੀਰਦਾਰੀ ਯੁੱਗ ਵਿਚ ਬੇਵੱਸ ਹੋਈ ਔਰਤ ਆਪਣੀ ਮਰਜ਼ੀ ਤੋਂ ਬਿਨਾਂ ਮਰਦ ਦੀ ਹੱਵਸ ਦਾ ਸ਼ਿਕਾਰ ਸੀ ਪਰ ਅੱਜ ਆਧੁਨਿਕ ਰੂਪਾਂਤਰਣ ਕਾਰਨ ਪੂੰਜੀਵਾਦੀ ਯੁੱਗ ਵਿਚ ਔਰਤ ਆਪਣੇ ਕੈਰੀਅਰ ਦੀ ਦੌੜ ਵਿਚ ਅਜਿਹਾ ਕਰ ਰਹੀ ਹੈ। "ਆਪਣੇ ਕੈਰੀਅਰ ਜਾਂ ਤਰੱਕੀ ਲਈ ਔਰਤ ਖ਼ੁਦ ਵੀ ਅਫ਼ਸਰਸ਼ਾਹੀ ਨੂੰ ਖੁਸ਼ ਕਰਨ ਦੇ ਆਹਰ ਵਿਚ ਗ਼ਲਤ ਸਮਝੌਤਿਆਂ ਲਈ ਮਜ਼ਬੂਰ ਹੈ।"[6] ਅਜੀਤ ਕੌਰ ਨੇ ਸ਼ਹਿਰ ਦੇ ਪੂੰਜੀਵਾਦੀ ਸਮਾਜ ਦੀ ਭੋਗਵਾਦੀ ਦੁਨੀਆਂ ਵਿਚ ਵਿਚਰਦੀ ਮਿਸਿਜ਼ ਮਲਹੋਤਰਾ ਜੋ ਇਕ ਮੱਧ-ਸ਼੍ਰੇਣੀ

ਪਰਿਵਾਰ ਨਾਲ ਸੰਬੰਧਿਤ ਨੌਕਰੀ ਪੇਸ਼ੇ ਵਾਲੀ ਸ਼ਹਿਰੀ ਔਰਤ ਹੈ। ਉਹ ਆਪਣੀ ਮੱਧ-ਸ਼੍ਰੇਣੀ ਵਾਲੀ ਜ਼ਿੰਦਗੀ ਤੋਂ ਉਕਤਾ ਜਾਂਦੀ ਹੈ ਜਿਸਦੇ ਕਾਰਨ ਉਸਦਾ ਮਨੁੱਖੀ ਮੋਹ ਰਿਸ਼ਤਿਆਂ ਤੋਂ ਹਟ ਕੇ ਪਦਾਰਥਕ ਲਾਲਸਾਵਾਂ ਵੱਲ ਵੱਧਦਾ ਜਾਂਦਾ ਹੈ। ਪੈਸੇ ਤੇ ਪਦਾਰਥਕ ਲਾਲਸਾਵਾਂ ਦੇ ਹੜ੍ਹ ਵਿਚ ਵਹਿੰਦੀ ਮਿਸਿਜ਼ ਮਲਹੋਤਰਾ ਨੈਤਿਕ ਮੁੱਲਾਂ ਤੋਂ ਦੂਰ ਹੁੰਦੀ ਜਾਂਦੀ ਹੈ। ਸ਼ਹਿਰ ਦੀਆਂ ਪੈਸਾ ਕੀਮਤਾਂ ਹਰ ਮਾਨਵੀ ਕਦਰ ਨੂੰ ਤਹਿਸ-ਨਹਿਸ ਕਰ ਦੇਂਦੀਆਂ ਹਨ। ਉਹ ਆਪਣੀ ਸਰੀਰਕ ਖ਼ੂਬਸੂਰਤੀ ਨੂੰ ਇਕ ਪ੍ਰਸਿੱਧ ਲੇਖਿਕਾ ਬਣਨ ਲਈ ਆਧਾਰ ਬਣਾ ਕੇ ਇਕ ਹਥਿਆਰ (ਪੌੜੀ) ਬਣਾਉਂਦੀ ਹੈ। ਖ਼ੂਬਸੂਰਤੀ ਵਾਲੇ ਹਥਿਆਰ ਨੂੰ ਉਹ ਇਸ ਤਰ੍ਹਾਂ ਵਰਤਣਾ ਚਾਹੁੰਦੀ ਹੈ ਜਿਸ ਨਾਲ ਉਹ ਰਾਤੋ-ਰਾਤ ਪ੍ਰਸਿੱਧ ਤੇ ਅਮੀਰ ਬਣ ਜਾਵੇ।

ਸ਼ਹਿਰੀ ਪ੍ਰਭਾਵਾਂ ਅਧੀਨ ਮਿਸਿਜ਼ ਮਲਹੋਤਰਾ ਮਰਦ ਨੂੰ ਕੇਵਲ ਮਨ-ਪ੍ਰਚਾਵੇ ਅਤੇ ਤਰੱਕੀ ਦਾ ਸਾਧਨ ਬਣਾਉਂਦੀ ਹੈ। ਉਹ ਆਪਣੇ ਹੁਸਨ ਅਤੇ ਲੇਖਿਕਾ ਵਾਲੇ ਹੁਨਰ ਰਾਹੀਂ ਕਈ ਹੱਥ-ਕੰਡੇ ਅਪਨਾ ਕੇ ਨੌਕਰੀ ਵਿਚ ਤਰੱਕੀ ਪਾਉਣ ਲਈ ਵਿਭਿੰਨ ਮਰਦਾਂ ਦੇ ਸੰਪਰਕ ਵਿਚ ਆਉਂਦੀ ਹੈ। ਉਹ ਕਈ ਜਾਇਜ਼-ਨਾਜਾਇਜ਼ ਤਰੀਕੇ ਵਰਤ ਕੇ ਤਰੱਕੀ ਪ੍ਰਾਪਤ ਕਰਕੇ 'ਵਰਕਿੰਗ ਗਰਲਜ਼ ਹੋਸਟਲ' ਦੀ ਵਾਰਡਨ ਬਣ ਜਾਂਦੀ ਹੈ ਅਤੇ ਉੱਥੇ ਬੜੀ ਠਾਠ-ਬਾਠ ਨਾਲ ਰਹਿਣ ਲੱਗਦੀ ਹੈ। "ਆਪਣੇ ਕੈਰੀਅਰ ਨੌਕਰੀ ਤੇ ਰੁਜ਼ਗਾਰ ਦੀ ਖ਼ਾਤਰ ਔਰਤ ਪਾਤਰਾਂ ਕਈ ਕਿਸਮ ਦੇ ਅਨੈਤਿਕ ਸਮਝੌਤੇ ਕਰਦੀਆਂ ਵਿਖਾਈ ਦਿੰਦੀਆਂ ਹਨ।"[7]

ਕਹਾਣੀ ਵਿਚੋਂ ਸ਼ਹਿਰੀ ਵਾਤਾਵਰਣ ਵਿਚਲੀ ਇਕ ਹੋਰ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਔਰਤ ਆਪਣੀ ਉਮਰ ਨੂੰ ਛੁਪਾਉਂਦੀ ਹੈ, ਜਿਵੇਂ ਕਹਾਣੀ ਦੀ ਨਾਇਕਾ ਮਿਸਿਜ਼ ਮਲਹੋਤਰਾ ਕਹਾਉਣ ਨਾਲੋਂ ਅਲਕਾ ਕਹਾਉਣਾ ਵਧੇਰੇ ਪਸੰਦ ਕਰਦੀ ਹੈ ਅਤੇ ਅੱਧਖੜ੍ਹ ਉਮਰ ਦੀ ਹੋਣ ਦੇ ਬਾਵਜੂਦ ਵੀ ਆਪਣੇ ਆਪ ਨੂੰ ਜਵਾਨ ਸਮਝਣ ਵਾਲੀ ਬਿਰਤੀ ਰੱਖਦੀ ਹੈ ਕਿਉਂਕਿ ਉਸ ਨੇ ਆਪਣੀ ਇਸ ਉਮਰ ਦੇ ਪੜਾਅ ਵਿਚ ਇਸ਼ਕ ਫਰਮਾਉਣਾ ਹੈ। "ਸ਼ਹਿਰਾਂ ਵਿਚ ਇਸਤਰੀ-ਪੁਰਸ਼ ਦੇ ਵਿਆਹ ਬਾਹਰੇ ਪ੍ਰੇਮ-ਸਬੰਧਾਂ ਦੀ ਵਧੇਰੇ ਚੁੰਝ-ਚਰਚਾ ਨਹੀਂ ਹੁੰਦੀ।"[8] ਮਿਸਿਜ਼ ਮਲਹੋਤਰਾ ਵੀ ਹਰ ਨੈਤਿਕ ਮਾਣ ਮਰਯਾਦਾ ਨੂੰ ਲੰਘ ਕੇ ਜੀਵਨ ਨੂੰ ਮਾਨਣ ਵੱਲ ਰੁਚਿਤ ਹੁੰਦੀ ਹੈ।

ਅਜੀਤ ਕੌਰ ਨੇ ਇਸ ਕਹਾਣੀ ਵਿਚ ਸ਼ਹਿਰਾਂ ਵਿਚ ਖੁੱਲ੍ਹਾਂ ਤੇ ਆਜ਼ਾਦ ਮਾਹੌਲ ਵਾਲਾ ਜੀਵਨ ਜੀਅ ਰਹੇ ਪਾਤਰਾਂ ਨੂੰ ਪੇਸ਼ ਕੀਤਾ ਹੈ। ਇਸ ਕਹਾਣੀ ਵਿਚਲੀਆਂ ਇਸਤਰੀ ਪਾਤਰ ਮਿਸਿਜ਼ ਮਲਹੋਤਰਾ ਅਤੇ ਉਸਦੀਆਂ ਦੋਵੇਂ ਬੇਟੀਆਂ ਮਰਦ ਪਾਤਰਾਂ ਦੀ ਮਾੜੀ ਨੀਅਤ ਦਾ ਸ਼ਿਕਾਰ ਨਹੀਂ ਹੁੰਦੀਆਂ ਸਗੋਂ ਉਹ ਆਪ ਖ਼ੁਦ ਗਿਰਗਿਟ ਦੀ ਤਰ੍ਹਾਂ ਕਈ ਦੇ ਰੰਗ/ਭੇਸ ਵਟਾਉਂਦੀਆਂ ਮਰਦ ਨੂੰ ਆਪਣੇ ਜਾਲ ਵਿਚ ਫਸਾਉਂਦੀਆਂ ਹਨ। "ਇਸਤਰੀ ਪਾਤਰਾਂ ਦੀ ਅਜਿਹੀ ਲਾਲਸਾ ਨੂੰ ਸ਼ਹਿਰਾਂ ਵਿਚ ਪੈਦਾ ਹੋ ਰਹੇ ਖਪਤੀ ਕਲਚਰ ਵਜੋਂ ਵੇਖਿਆ ਜਾ ਸਕਦਾ ਹੈ।"[9] ਮਿਸਿਜ਼ ਮਲਹੋਤਰਾ ਦਾ ਪਤੀ ਸ਼ਰੀਫ਼ ਸੀ ਅਤੇ ਉਸਨੇ ਉਸਨੂੰ ਪਾਲਤੂ ਹੀ ਬਣਾਇਆ ਹੋਇਆ ਸੀ। ਉਹ ਆਪਣੀਆਂ ਧੀਆਂ ਨੂੰ ਵੀ ਆਪਣੀ ਮਰਜ਼ੀ ਅਨੁਸਾਰ ਤੋਰਨਾ ਚਾਹੁੰਦੀ ਹੈ ਤੇ ਆਪਣੀ ਛੋਟੀ ਧੀ ਨੂੰ ਵੀ ਵਰਤਣ ਤੋਂ ਗੁਰੇਜ਼ ਨਾ ਕਰਦੀ ਹੋਈ ਉਹ ਆਪਣੇ ਨਾਲ ਸਾਹਿਤਕ ਮਹਿਫਲਾਂ ਵਿਚ ਲੈ ਕੇ ਜਾਂਦੀ ਹੈ। ਆਪਣੀ ਮਾਂ ਦੀਆਂ ਕਰਤੂਤਾਂ ਤੋਂ ਤੰਗ ਆ ਕੇ ਉਸ ਦੀਆਂ ਧੀਆਂ ਆਪੇ ਤੋਂ ਬਾਹਰ ਹੋ ਜਾਂਦੀਆਂ ਹਨ ਅਤੇ ਉਹ ਵੀ ਪੂਰੀ ਤਰ੍ਹਾਂ ਆਜ਼ਾਦੀ ਚਾਹੁੰਦੀਆਂ ਹਨ। ਸ਼ਹਿਰੀ ਮਾਹੌਲ ਵਿਚ ਵਿਚਰ ਰਹੀ ਨਵੀਂ ਪੀੜ੍ਹੀ ਆਧੁਨਿਕ ਸਮੇਂ ਵਿਚ ਨੈਤਿਕਤਾ ਦੀਆਂ ਗੱਲਾਂ ਨੂੰ ਨਿਰਾਰਥਕ ਸਮਝਣ ਲੱਗ ਪਈਆਂ ਹਨ। ਸ਼ਹਿਰਾਂ ਦਾ ਵਿਸ਼ਾਲ ਵਾਤਾਵਰਣ ਇਸਤਰੀ ਪਾਤਰਾਂ ਨੂੰ ਪੂਰੀ ਖੁੱਲ੍ਹ ਦਿੰਦਾ ਹੈ ਕਿ ਸਮਾਜਕ ਮੁੱਲਾਂ ਤੇ ਨਿਯਮਾਂ ਨੂੰ ਤੋੜ ਸਕੇ। ਸ਼ਹਿਰ ਵਿਚ ਵਿਚਰ ਰਹੀ ਨਵੀਂ ਪੀੜ੍ਹੀ ਵਿਚ ਇਕ ਨਵੀਂ ਪ੍ਰਵਿਰਤੀ ਜੋਰ ਫੜ੍ਹ ਰਹੀ ਹੈ ਕਿ ਵਿਆਹ ਪ੍ਰੰਪਰਾ ਨੂੰ ਨਕਾਰ ਕੇ ਇਕੱਠੇ ਜੀਵਨ ਬਤੀਤ ਕਰਨਾ। ਬਿਨਾਂ ਵਿਆਹ ਸਰੀਰਕ ਸਬੰਧ ਬਣਾਈ ਰੱਖਣ ਵਿਚ ਉਨ੍ਹਾਂ ਨੂੰ ਕੋਈ ਇਤਰਾਜ਼ ਨਹੀਂ ਹੈ। ਕਹਾਣੀ ਵਿਚ ਮਿਸਿਜ਼ ਮਲਹੋਤਰਾ ਦੀ ਛੋਟੀ ਧੀ ਅੰਨੂੰ ਪਹਿਲਾਂ ਵਿਆਹੇ ਹੋਏ ਆਪਣੇ ਬਾਪ ਦੀ ਉਮਰ ਦੇ ਕਵੀ ਤੇ ਮੋਹਿਤ ਹੋ ਜਾਂਦੀ ਹੈ ਅਤੇ ਬਿਨਾਂ ਵਿਆਹ ਦੇ ਉਸਦੇ ਨਾਲ ਰਹਿਣ ਲਈ ਚਲੀ ਜਾਂਦੀ ਹੈ। ਅਜੋਕੀ ਪੀੜ੍ਹੀ ਕਿਸੇ ਵੀ ਤਰ੍ਹਾਂ ਦੇ ਬੰਧਨ ਤੋਂ ਮੁਨਕਰ ਹੋ ਰਹੀ ਹੈ ਅਤੇ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਭੱਜ ਰਹੀ ਹੈ, ਜਿਸ ਦੇ ਕਾਰਨ ਹੀ ਅਜਿਹੇ ਰਿਸ਼ਤੇ ਹੋਂਦ ਵਿਚ ਆ ਰਹੇ ਹਨ। ਸ਼ਹਿਰਾਂ ਵਿਚ ਰਹਿੰਦੇ ਇਕਹਿਰੇ ਪਰਿਵਾਰਾਂ ਵਿਚ ਮਰਦ ਦੀ ਪ੍ਰਭੂਤਾ ਘੱਟ ਰਹੀ ਹੈ। ਇਸਤਰੀ ਮਰਦ ਦੇ ਜਿਨਸੀ ਸਬੰਧਾਂ ਪੱਖੀ ਧਾਰਨਾਵਾਂ ਤਿੜਕ ਰਹੀਆਂ ਹਨ। ਜਿਸਦੇ ਸਿੱਟੇ ਵਜੋਂ ਮੱਧ ਸ਼੍ਰੇਣਿਕ ਪਰਿਵਾਰਾਂ ਦੀ ਇਸਤਰੀ ਵੀ ਆਪਣੀ ਕਾਮ-ਤ੍ਰਿਪਤੀ, ਕੈਰੀਅਰ ਜਾਂ ਫਿਰ ਤਰੱਕੀ ਲਈ ਵਿਆਹ ਬਾਹਰੇ ਸਬੰਧਾਂ ਵੱਲ ਉਲਰ ਰਹੀ ਹੈ। ਨਵੀਂ ਸ਼ਹਿਰੀ ਸਭਿਅਤਾ ਵਿਚ ਮਨੁੱਖੀ ਮੋਹ

ਰਿਸ਼ਤਿਆਂ ਤੋਂ ਹੱਟ ਕੇ ਪਦਾਰਥਕ ਲਾਲਸਾਵਾਂ ਵੱਲ ਵੱਧ ਰਿਹਾ ਹੈ। ਪੈਸੇ ਅਤੇ ਸ਼ੋਹਰਤ ਦੀ ਪੂਰਤੀ ਲਈ ਸ਼ਹਿਰੀ ਮਨੁੱਖ ਹਰ ਜਾਇਜ਼-ਨਾਜਾਇਜ਼ ਢੰਗ ਤਰੀਕੇ ਵਰਤ ਰਿਹਾ ਹੈ। ਕਹਾਣੀ ਦੀ ਮੁੱਖ ਪਾਤਰ ਮਿਸਿਜ਼ ਮਲਹੋਤਰਾ (ਅਲਕਾ) ਭਾਰਤੀ ਔਰਤ ਲਈ ਸਥਾਪਤ ਕੀਤੇ ਸਦਾਚਾਰਕ ਨੇਮਾਂ ਦੀ ਵਲਗਣ ਤੋਂ ਬਾਹਰ ਵਿਚਰਦੀ ਨਜ਼ਰ ਆਉਂਦੀ ਹੈ। ਉਹ ਹਰ ਉਸ ਮਰਦ ਨਾਲ ਖੁੱਲ੍ਹ ਲੈਂਦੀ ਅਤੇ ਸਰੀਰਕ ਸਬੰਧ ਬਣਾਉਂਦੀ ਹੈ ਜੋ ਉਸ ਨੂੰ ਸਮਾਜ ਵਿਚ ਸਨਮਾਨ ਯੋਗ ਸਥਾਨ ਪ੍ਰਾਪਤ ਕਰਾ ਸਕੇ। ਦੂਜੇ ਪਾਸੇ ਮਰਦ ਵੀ ਔਰਤ ਦਾ ਦਿਲੋਂ ਸਨਮਾਨ ਸਤਿਕਾਰ ਨਹੀਂ ਕਰਦਾ ਬਲਕਿ ਪੈਸੇ ਦੀ ਬਹੁਤਾਤ ਅਤੇ ਵਧੀਆ ਸਮਾਜਕ ਹੈਸੀਅਤ ਤੇ ਰੁਤਬੇ ਕਾਰਨ ਕਈ ਔਰਤਾਂ ਨਾਲ ਸਬੰਧ ਸਥਾਪਤ ਕਰਦਾ ਹੈ। ਉਹ ਔਰਤ ਨੂੰ ਸਮਾਂ ਗੁਜ਼ਾਰਨ ਅਤੇ ਐਸ਼-ਪ੍ਰਸਤੀ ਦਾ ਸਾਧਨ ਸਮਝਦੇ ਹਨ।

ਅਜੀਤ ਕੌਰ ਦੀਆਂ ਕਹਾਣੀਆਂ ਵਿਚੋਂ ਸ਼ਹਿਰੀ ਸਭਿਆਚਾਰ ਦੇ ਬਹੁਤ ਸਾਰੇ ਪੱਖ ਉੱਘੜ ਕੇ ਸਾਹਮਣੇ ਆਉਂਦੇ ਹਨ ਜਿਵੇਂ ਸ਼ਹਿਰੀ ਔਰਤ ਦੀ ਮਾਨਸਿਕ ਇਕੱਲਤਾ, ਸਵੈ-ਪ੍ਰਤੀ ਬੇਗਾਨਗੀ, ਆਰਥਿਕ ਤੌਰ 'ਤੇ ਸਥਿਰ ਹੋਣ ਦੇ ਬਾਵਜੂਦ ਨੀਰਸ ਤੇ ਬੌਖਲਾਹਟ ਭਰੀ ਜ਼ਿੰਦਗੀ, ਸਮਲਿੰਗੀ ਜਿਨਸੀ ਸਬੰਧ, ਵਿਆਹ ਬਾਹਰੇ ਸਬੰਧ, ਲਿਵ ਇਨ ਰਿਲੇਸ਼ਨਸ਼ਿਪ ਅਤੇ ਪੜ੍ਹੀ-ਲਿਖੀ ਔਰਤ ਵਿਚ ਆਪਣੀ ਵੱਖਰੀ ਵਿਅਕਤੀਗਤ ਪਛਾਣ ਬਣਾਉਣ ਦੀ ਇੱਛਾ ਨੂੰ ਪੇਸ਼ ਕੀਤਾ ਗਿਆ ਹੈ। ਅਜੀਤ ਕੌਰ ਨੇ ਸ਼ਹਿਰੀ ਸਭਿਆਚਾਰ ਨਾਲ ਸੰਬੰਧਿਤ ਔਰਤ ਦੀਆਂ ਵੱਖ-ਵੱਖ ਸਮੱਸਿਆਵਾਂ ਨੂੰ ਕਹਾਣੀ ਵਿਚ ਵਿਸ਼ਿਆਂ ਦੇ ਰੂਪ ਵਿਚ ਲਿਆ ਹੈ। "ਪੰਜਾਬੀ ਕਥਾ-ਜਗਤ ਵਿਚ ਉਸਨੇ ਇਸਤਰੀ ਜਾਤੀ ਦੀਆਂ ਸਮੱਸਿਆਵਾਂ, ਉਸਦੀ ਮਨੋਦਸ਼ਾ ਤੇ ਮਰਦ ਵੱਲੋਂ ਉਸ ਨਾਲ ਕੀਤੇ ਜਾਂਦੇ ਦੁਰ-ਵਿਵਹਾਰ ਦਾ ਚਿਤਰਣ ਕਰਨ ਵਾਲੀ ਯਥਾਰਥਕ ਲੇਖਿਕਾ ਵਜੋਂ ਆਪਣੀ ਇਕ ਖ਼ਾਸ ਪਹਿਚਾਣ ਬਣਾਈ ਹੈ।"[10]

## ਹਵਾਲੇ ਤੇ ਟਿੱਪਣੀਆਂ


1. ਹਰਿਭਜਨ ਸਿੰਘ ਭਾਟੀਆ, **"ਅਜੀਤ ਕੌਰ ਦੀ ਗਲਪ ਚੇਤਨਾ ਵਿਚ ਔਰਤ"**, ਪੰਜਾਬੀ ਗਲਪ, ਸਮਾਜ ਤੇ ਰਾਜਨੀਤੀ ਦੇ ਵਿਸ਼ੇ ਤੇ ਮਾਰਚ 1992 ਨੂੰ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਵਿਖੇ ਪੜ੍ਹਿਆ ਗਿਆ ਖੋਜ-ਪੱਤਰ, ਪੰਨਾ-101
2. ਗੁਰਜਿੰਦਰ ਕੌਰ, **"ਅਜੀਤ ਕੌਰ ਦੀ ਕਥਾ ਦ੍ਰਿਸ਼ਟੀ"**, 2003. ਪੰਨਾ-106
3. ਅਜੀਤ ਕੌਰ, **'ਅੱਕ ਦੇ ਫੁੱਲ'**, ਆਪਣੇ-ਆਪਣੇ ਜੰਗਲ, ਪੰਨਾ-37
4. ਗੁਰਜਿੰਦਰ ਕੌਰ, **"ਅਜੀਤ ਕੌਰ ਦੀ ਕਥਾ ਦ੍ਰਿਸ਼ਟੀ"**, 2003. ਪੰਨਾ-106
5. ਡਾ. ਰਮਿੰਦਰ ਕੌਰ, **"ਸ਼ਹਿਰੀ ਸਭਿਆਚਾਰ ਤੇ ਪੰਜਾਬੀ ਨਾਵਲ"**, 2000. ਪੰਨਾ 47
6. **ਉਹੀ**, ਪੰਨਾ - 15
7. **ਉਹੀ**, ਪੰਨਾ - 145
8. **ਉਹੀ**, ਪੰਨਾ - 17
9. **ਉਹੀ**, ਪੰਨਾ - 131
10. ਡਾ. ਮੇਘਾ ਸਲਵਾਨ, **"ਅਜੀਤ ਕੌਰ ਸ੍ਵੈ ਅਤੇ ਸਿਰਜਨਾ"** 2017. ਪੰਨਾ - 9


◈